**Class : IV** **Subject : Punjabi**

## ਲਿੰਗ ਬਦਲੋ :

| | | | |
|---|---|---|---|
| ਹਿਰਨ - ਹਿਰਨੀ | ਤਰਖਾਣ - ਤਰਖਾਣੀ | ਸੇਠ - ਸੇਠਾਣੀ | ਚਾਚਾ - ਚਾਚੀ |
| ਧੋਬੀ - ਧੋਬਣ | ਆਦਮੀ - ਔਰਤ | ਗੱਭਰੂ - ਮੁਟਿਆਰ | ਪਿਤਾ - ਮਾਤਾ |
| ਸੰਦੂਕ - ਸੰਦੂਕੜੀ | ਰਾਜਾ - ਰਾਣੀ | ਮਿੱਤਰ - ਸਹੇਲੀ | ਮਾਮਾ - ਮਾਮੀ |
| ਘੋੜਾ - ਘੋੜੀ | ਪਟਵਾਰੀ - ਪਟਵਾਰਨ | ਪੰਜਾਬੀ - ਪੰਜਾਬਣ | |

## ਵਚਨ ਬਦਲੋ :

| | | | |
|---|---|---|---|
| ਦਵਾਤ - ਦਵਾਤਾਂ | ਘੋੜੀ - ਘੋੜੀਆਂ | ਬੱਕਰੀ - ਬੱਕਰੀਆਂ | ਕੁੜੀ - ਕੁੜੀਆਂ |
| ਬੱਚਾ - ਬੱਚੇ | ਵਿਹੜਾ - ਵਿਹੜੇ | ਕਹਾਣੀ - ਕਹਾਣੀਆਂ | ਭਾਸ਼ਾ - ਭਾਸ਼ਾਵਾਂ |
| ਆਦਤ - ਆਦਤਾਂ | ਖੁਸ਼ਬੋ - ਖੁਸ਼ਬੋਆਂ | ਵਸਤੂ - ਵਸਤੂਆਂ | ਬੱਸ - ਬੱਸਾਂ |
| ਕਿਤਾਬ - ਕਿਤਾਬਾਂ | ਮੁੰਡਾ - ਮੁੰਡੇ | ਬਾਲਟੀ - ਬਾਲਟੀਆਂ | |

## ਵਿਰੋਧੀ ਸ਼ਬਦ :

| | | | |
|---|---|---|---|
| ਅਮੀਰ - ਗਰੀਬ | ਅੰਦਰ - ਬਾਹਰ | ਹਾਰ - ਜਿੱਤ | ਕੌੜਾ - ਮਿੱਠਾ |
| ਛੋਟਾ - ਵੱਡਾ | ਅਸਲੀ - ਨਕਲੀ | ਘਟੀਆ - ਵਧੀਆ | ਸਵਰਗ - ਨਰਕ |
| ਮਾਲਕ - ਨੌਕਰ | ਸਰਦੀ - ਗਰਮੀ | ਪਾਸ - ਫੇਲ੍ਹ | ਧਰਤੀ - ਅਕਾਸ਼ |
| ਜਨਮ - ਮਰਨ | ਸਾਫ਼ - ਗੰਦਾ | ਧੁੱਪ - ਛਾਂ | |

## ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ :

| | | | |
|---|---|---|---|
| ਜਿਹੜਾ ਦੁੱਧ ਵੇਚਣ ਦਾ ਕੰਮ ਕਰੇ | ਦੋਧੀ | ਜਿਸ ਇਸਤਰੀ ਦਾ ਪਤੀ ਜਿਉਂਦਾ ਹੋਵੇ | ਸੁਹਾਗਣ |
| ਸਾਗ - ਸਬਜ਼ੀ ਖਾਣ ਵਾਲਾ | ਸ਼ਾਕਾਹਾਰੀ | ਉਹ ਜ਼ਮੀਨ ਜਿੱਥੇ ਫ਼ਸਲ ਨਾ ਉੱਗੇ | ਬੰਜਰ |
| ਜਿਹੜਾ ਕਦੇ ਵੀ ਨਾ ਥੱਕੇ | ਅਣਥੱਕ | ਜਿਹੜਾ ਕਦੇ ਵੀ ਨਾ ਮਰੇ | ਅਮਰ |
| ਕਿਸੇ ਕਲਾ ਵਿੱਚ ਮਾਹਿਰ | ਕਲਾਕਾਰ | ਆਗਿਆ ਦਾ ਪਾਲਣ ਕਰਨ ਵਾਲਾ | ਆਗਿਆਕਾਰੀ |
| ਸਾਲ ਵਿੱਚ ਇੱਕ ਵਾਰ ਆਉਣ ਵਾਲਾ | ਵਾਰਸ਼ਿਕ | ਭਾਸ਼ਣ ਸੁਣਨ ਵਾਲਾ | ਸਰੋਤਾ |

## ਸਮਾਨਾਰਥਕ ਸ਼ਬਦ :

| | | |
|---|---|---|
| ਉਸਤਤ - ਪ੍ਰਸ਼ੰਸਾ, ਸ਼ਲਾਘਾ | ਉੱਤਮ - ਚੰਗਾ, ਵਧੀਆ | ਅਰਥ - ਭਾਵ, ਮਤਲਬ |
| ਆਦਮੀ - ਬੰਦਾ, ਮਰਦ | ਸੁੰਦਰ - ਪਿਆਰਾ, ਸੋਹਣਾ | ਸਖ਼ਤ - ਕਰੜਾ, ਕਠੋਰ |
| ਤਾਕਤ - ਬਲ, ਸ਼ਕਤੀ | ਜੀਵਨ - ਜ਼ਿੰਦਗੀ, ਜਾਨ | ਲੋਅ - ਪ੍ਰਕਾਸ਼, ਉਜਾਲਾ |
| ਅਧਿਆਪਕ - ਗੁਰੂ, ਮਾਸਟਰ | | |

# ਮੁਹਾਵਰੇ

1. ਉੱਲੂ ਸਿੱਧਾ ਕਰਨਾ - ਮਤਲਬ ਕੱਢਣਾ
   ਕਈ ਲੋਕ ਆਪਣਾ ਉੱਲੂ ਸਿੱਧਾ ਕਰਕੇ ਪਾਸਾ ਵੱਟ ਲੈਂਦੇ ਹਨ।

2. ਉੱਨੀ ਇੱਕੀ ਦਾ ਫ਼ਰਕ - ਬਹੁਤ ਥੋੜ੍ਹਾ ਫ਼ਰਕ
   ਕਮਲ ਅਤੇ ਗਗਨ ਦੇ ਕੱਦ ਵਿੱਚ ਉੱਨੀ ਇੱਕੀ ਦਾ ਫ਼ਰਕ ਹੈ।

3. ਉੱਲੂ ਬਣਾਉਣਾ - ਮੂਰਖ ਬਣਾਉਣਾ
   ਕਦੇ ਕਿਸੇ ਨੂੰ ਉੱਲੂ ਨਾ ਬਣਾਉ।

4. ਅੱਗ ਦੇ ਭਾਅ ਹੋਣਾ - ਬਹੁਤ ਮਹਿੰਗਾ ਹੋਣਾ
   ਅੱਜ ਕੱਲ੍ਹ ਹਰ ਚੀਜ਼ ਅੱਗ ਦੇ ਭਾਅ ਹੋ ਗਈ ਹੈ।

5. ਹੱਥ ਵਟਾਉਣਾ - ਮਦਦ ਕਰਨੀ
ਬਲਜੀਤ ਆਪਣੀ ਮਾਂ ਨਾਲ ਰਸੋਈ ਵਿੱਚ ਹੱਥ ਵਟਾਉਂਦੀ ਹੈ।

6. ਕੰਨ ਭਰਨੇ - ਚੁਗਲੀ ਕਰਨੀ
ਮੋਹਨ ਨੇ ਅਫ਼ਸਰ ਕੋਲ ਜਾ ਕੇ ਮੇਰੇ ਵਿਰੁੱਧ ਕੰਨ ਭਰੇ।

7. ਆਲੇ ਕੌਡੀ ਛਿੱਕੇ ਕੌਡੀ ਕਰਨਾ - ਟਾਲ-ਮਟੋਲ ਕਰਨਾ
ਪੈਸੇ ਵਾਪਸ ਕਰਨ ਸਮੇਂ ਕਮਲ ਆਲੇ ਕੌਡੀ ਛਿੱਕੇ ਕੌਡੀ ਕਰ ਰਿਹਾ ਹੈ।

8. ਅੱਖਾਂ ਤੇ ਬਿਠਾਉਣਾ - ਬਹੁਤ ਆਦਰ ਕਰਨਾ
ਮਾਂ-ਪਿਉ ਨੂੰ ਹਮੇਸ਼ਾ ਅੱਖਾਂ ਤੇ ਬਿਠਾ ਕੇ ਰੱਖਣਾ ਚਾਹੀਦਾ ਹੈ।

9. ਅੱਖਾਂ ਵਿੱਚ ਰੜਕਨਾ - ਭੈੜਾ ਲੱਗਣਾ
ਬੁਰੇ ਲੋਕ ਸਭ ਦੀਆਂ ਅੱਖਾਂ ਵਿੱਚ ਰੜਕਦੇ ਹਨ।

10. ਅੱਖਾਂ ਫੇਰ ਲੈਣਾ - ਮਿੱਤਰਤਾ ਛੱਡ ਦੇਣੀ
ਸੁਆਰਥੀ ਮਿੱਤਰ ਮੁਸੀਬਤ ਸਮੇਂ ਅੱਖਾਂ ਫੇਰ ਲੈਂਦੇ ਹਨ।

## ਨਾਂਵ

**ਪਰਿਭਾਸ਼ਾ :** ਜਿਹਨਾਂ ਸ਼ਬਦਾਂ ਤੋਂ ਕਿਸੇ ਵਿਅਕਤੀ, ਵਸਤੂ, ਸਥਾਨ, ਜੀਵ ਅਤੇ ਭਾਵਾਂ ਦੇ ਬਾਰੇ ਜਾਣਕਾਰੀ ਮਿਲੇ ਉਸ ਨੂੰ ਨਾਂਵ ਕਹਿੰਦੇ ਹਨ। ਜਿਵੇਂ : ਸ. ਭਗਤ ਸਿੰਘ, ਚਿੜੀ, ਭਾਰਤ, ਬਚਪਨ ਆਦਿ।

**ਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ :**

1. **ਆਮ ਨਾਂਵ :** ਜੋ ਸ਼ਬਦ ਕਿਸੇ ਇੱਕ ਹੀ ਜਾਤੀ ਜਾਂ ਸ਼੍ਰੇਣੀ ਲਈ ਵਰਤੇ ਜਾਣ, ਉਹ ਆਮ ਨਾਂਵ ਹੁੰਦੇ ਹਨ। ਜਿਵੇਂ - ਮੁੰਡਾ, ਬੂਟਾ, ਹਾਥੀ ਆਦਿ।
2. **ਖ਼ਾਸ ਨਾਂਵ :** ਜੋ ਸ਼ਬਦ ਕਿਸੇ ਖਾਸ ਵਿਅਕਤੀ, ਵਸਤੂ ਅਤੇ ਸਥਾਨ ਦੇ ਨਾਂ ਲਈ ਵਰਤੇ ਜਾਣ ਉਹ ਖਾਸ ਨਾਂਵ ਹੁੰਦੇ ਹਨ। ਜਿਵੇਂ - ਸੋਨੀਆ, ਲੁਧਿਆਣਾ, ਗੋਆ, ਤਾਜ ਮਹਿਲ ਆਦਿ।
3. **ਇਕੱਠਵਾਚਕ ਨਾਂਵ :** ਜੋ ਸ਼ਬਦ ਵਸਤੂਆਂ ਅਤੇ ਜੀਵਾਂ ਦੇ ਸਮੂਹ ਲਈ ਜਾਂ ਇਕੱਠ ਲਈ ਵਰਤੇ ਜਾਣ ਉਹ ਇਕੱਠਵਾਚਕ ਨਾਂਵ ਹੁੰਦੇ ਹਨ। ਜਿਵੇਂ - ਜਮਾਤ, ਸਭਾ, ਫ਼ੌਜ ਆਦਿ।
4. **ਵਸਤੂਵਾਚਕ ਨਾਂਵ :** ਜੋ ਸ਼ਬਦ ਤੋਲੀਆਂ ਜਾਂ ਮਿਣੀਆਂ ਜਾਣ ਵਾਲੀਆਂ ਵਸਤੂਆਂ ਲਈ ਵਰਤੇ ਜਾਣ ਉਹ ਵਸਤੂਵਾਚਕ ਨਾਂਵ ਹੁੰਦੇ ਹਨ। ਜਿਵੇਂ - ਦੁੱਧ, ਚੌਲ, ਤੇਲ ਆਦਿ।
5. **ਭਾਵਵਾਚਕ ਨਾਂਵ :** ਜੋ ਸ਼ਬਦ ਮਹਿਸੂਸ ਕੀਤੇ ਜਾਣ ਵਾਲੇ ਭਾਵਾਂ ਨੂੰ ਪ੍ਰਗਟ ਕਰਦੇ ਹਨ ਉਹ ਭਾਵਵਾਚਕ ਨਾਂਵ ਹੁੰਦੇ ਹਨ। ਜਿਵੇਂ - ਸਰਦੀ, ਬਚਪਨ, ਬੁਢਾਪਾ ਆਦਿ।

## ਨਾਂਵ (**Activity**)

1. **ਸਹੀ ਉੱਤਰ ਅੱਗੇ (✓) ਦਾ ਨਿਸ਼ਾਨ ਲਗਾਉ:**
   1. ਨਾਂਵ ਤੋਂ ਕੀ ਭਾਵ ਹੈ?
      ੳ) ਨਾਂ  ਅ) ਸ਼ਬਦ  ੲ) ਵਾਕ  ਸ) ਅਰਥ
   2. ਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ?
      ੳ) ਛੇ  ਅ) ਪੰਜ  ੲ) ਚਾਰ  ਸ) ਤਿੰਨ
   3. ਹੇਠ ਦਿੱਤਿਆਂ ਵਿੱਚੋਂ ਭਾਵਵਾਚਕ ਨਾਂਵ ਚੁਣੋ :
      ੳ) ਬਹਾਦਰ  ਅ) ਬਹਾਦਰੀ  ੲ) ਇਕੱਠ  ਸ) ਸਕੂਲ
   4. ਇਕੱਠਵਾਚਕ ਨਾਂਵ ਵਿੱਚ ਕਿਸ ਬਾਰੇ ਜਾਣਕਾਰੀ ਮਿਲਦੀ ਹੈ?
      ੳ) ਸਮੂਹ  ਅ) ਭਾਵ  ੲ) ਵਸਤੂ  ਸ) ਸਰਦੀ

2. **ਦੱਸੇ ਅਨੁਸਾਰ ਕਰੋ :**
   1. ਖ਼ਾਸ ਨਾਂਵ ਤੇ ਗੋਲਾ ਲਗਾਉ :
      ੳ) ਰੋਟੀ  ਅ) ਅਮਰਦੀਪ  ੲ) ਘੁਮਿਆਰ  ਸ) ਸੜਕ

2. ਇਕੱਠਵਾਚਕ ਨਾਂਵ ਤੇ ਗੋਲਾ ਲਗਾਉ :
   ੳ) ਮੱਛੀ  ਅ) ਮੱਝ  ੲ) ਸਭਾ  ਸ) ਕਾਰ
3. ਭਾਵਵਾਚਕ ਨਾਂਵ ਤੇ ਗੋਲਾ ਲਗਾਉ :
   ੳ) ਰੁੱਖ  ਅ) ਜਵਾਨੀ  ੲ) ਅਧਿਆਪਕ  ਸ) ਮਠਿਆਈ
4. ਵਸਤੂਵਾਚਕ ਨਾਂਵ ਤੇ ਗੋਲਾ ਲਗਾਉ :
   ੳ) ਪੱਥਰ  ਅ) ਚਾਂਦੀ  ੲ) ਫੁੱਲ  ਸ) ਦਰਿਆ
5. ਆਮ ਨਾਂਵ ਤੇ ਗੋਲਾ ਲਗਾਉ :
   ੳ) ਦਿੱਲੀ  ਅ) ਪਲੇਟਾਂ  ੲ) ਬਰਨਾਲਾ  ਸ) ਕਰਤਾਰ ਸਿੰਘ ਸਰਾਭਾ

3. ਹੇਠਾਂ ਕੁਝ ਨਾਂਵ ਰਲ-ਮਿਲ ਗਏ ਹਨ, ਉਨ੍ਹਾਂ ਨੂੰ ਚੁਣ ਕੇ ਸਹੀ ਕਾਲਮ ਵਿੱਚ ਲਿਖੋ :

| | | | | | | | | | |
|---|---|---|---|---|---|---|---|---|---|
| ਸੋਨਾ | ਅੱਖ | ਬੱਕਰੀ | ਹੀਰੇ | ਭਗਤ ਸਿੰਘ | ਭਾਰਤ | ਚਾਹ | ਨਦੀ | ਜਮਨਾ | ਗੁਰਨਾਮ ਸਿੰਘ |
| ਮੋਗਾ | ਨਲਕਾ | ਬੱਚੇ | ਫ਼ੌਜ | ਅਮੀਰੀ | ਮੈਦਾਨ | ਸੋਨਲ | ਬੁਢਾਪਾ | | |

| ਆਮ ਨਾਂਵ | ਖਾਸ ਨਾਂਵ | ਇਕੱਠਵਾਚਕ ਨਾਂਵ | ਵਸਤੂਵਾਚਕ ਨਾਂਵ | ਭਾਵਵਾਚਕ ਨਾਂਵ |
|---|---|---|---|---|
| | | | | |
| | | | | |
| | | | | |
| | | | | |
| | | | | |

4. ਖ਼ਾਲੀ ਥਾਵਾਂ ਭਰੋ :
   1. ਨਾਂਵ ---------------------- ਪ੍ਰਕਾਰ ਦੇ ਹੁੰਦੇ ਹਨ।
   2. ----------------- ਵਸਤੂਆਂ - ਵਿਅਕਤੀਆਂ ਦੇ ਨਾਂ ਦੱਸਣ ਵਾਲੇ ਸ਼ਬਦ ਖਾਸ ਨਾਂਵ ਅਖਵਾਉਂਦੇ ਹਨ।
   3. ਵਸਤੂਆਂ ਅਤੇ ਜੀਵਾਂ ਦੇ ਸਮੂਹ ਨੂੰ -------------------- ਨਾਂਵ ਆਖਦੇ ਹਨ।
   4. ਕੇਵਲ ਮਹਿਸੂਸ ਕੀਤੀਆਂ ਜਾ ਸਕਣ ਵਾਲੀਆਂ ਚੀਜ਼ਾਂ ਦੇ ਨਾਵਾਂ ਨੂੰ ਪ੍ਰਗਟ ਕਰਨ ਵਾਲੇ ਨਾਂਵ ---------------- ਨਾਂਵ ਹੁੰਦੇ ਹਨ।
   5. ______________________ ਨਾਂਵ ਸਮੁੱਚੀ ਜਾਤੀ ਦੇ ਨਾਂ ਬਾਰੇ ਦੱਸਦੇ ਹਨ।

## ਪਾਠ - 2 : ਕਾਹਲ਼ੀ ਅੱਗੇ ਟੋਏ

### ਨਵੇਂ ਸ਼ਬਦ :

1. ਕਾਹਲ਼ੀ  2. ਜਲਦਬਾਜ਼ੀ  3. ਧੀਰਜ  4. ਕਹਾਣੀ  5. ਕੱਛੂਕੁੰਮਾ
6. ਖ਼ਰਗੋਸ਼  7. ਮੁਰਗੀ  8. ਕਿਸਾਨ  9. ਬਜ਼ਾਰ  10. ਆਂਡਾ
11. ਪੜ੍ਹਾਈ  12. ਮਿਹਨਤ  13. ਨੁਕਸਾਨ  14. ਵਿਦਿਆਰਥੀ  15. ਨਿਸ਼ਾਨੇ

### ਸ਼ਬਦ - ਅਰਥ

1. ਕਾਹਲ਼ੀ = ਤੇਜ਼ੀ  2. ਧੀਰਜ = ਤਸੱਲੀ  3. ਚਾਲ = ਤੋਰ
4. ਅਮਲ ਕਰਨਾ = ਅਨੁਸਾਰ ਚੱਲਣਾ  5. ਦੰਗ ਰਹਿ ਜਾਣਾ = ਹੈਰਾਨ ਹੋਣਾ

### ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ ।

### ੲ) ਪ੍ਰਸ਼ਨ - ਉੱਤਰ :

ਪ੍ਰ1. 'ਕਾਹਲ਼ੀ ਅੱਗੇ ਟੋਏ' ਦਾ ਕੀ ਅਰਥ ਹੈ?
ਉ. ਇਸ ਦਾ ਅਰਥ ਹੈ ਕਿ ਜਲਦਬਾਜ਼ੀ ਵਿੱਚ ਕੀਤੇ ਕੰਮ ਵਿਗੜਦੇ ਹਨ।

ਪ੍ਰ2. ਖ਼ਰਗੋਸ਼ ਕੱਛੂਕੁੰਮੇ ਨੂੰ ਕੀ ਕਹਿੰਦਾ ਰਹਿੰਦਾ ਸੀ?
ਉ. ਖ਼ਰਗੋਸ਼ ਕੱਛੂਕੁੰਮੇ ਨੂੰ ਦੌੜ ਲਗਾਉਣ ਲਈ ਕਹਿੰਦਾ ਰਹਿੰਦਾ ਸੀ।

ਪ੍ਰ3. ਕੱਛੂਕੁੰਮੇ ਨੂੰ ਮਿੱਥੇ ਨਿਸ਼ਾਨੇ ’ਤੇ ਵੇਖ ਕੇ ਖ਼ਰਗੋਸ਼ ਨਾਲ ਕੀ ਵਾਪਰੀ?
ਉ. ਉਹ ਦੰਗ ਰਹਿ ਗਿਆ।

ਪ੍ਰ4. ਕਿਸਾਨ ਸੋਨੇ ਦੇ ਆਂਡੇ ਦਾ ਕੀ ਕਰਦਾ ਸੀ?
ਉ. ਉਹ ਆਂਡੇ ਬਜ਼ਾਰ ਜਾ ਕੇ ਵੇਚ ਆਉਂਦਾ ਸੀ।

ਪ੍ਰ5. ਦੇਰ ਨਾਲ ਉੱਠਣ 'ਤੇ ਨਿੰਦੀ ਨੂੰ ਕੀ ਨੁਕਸਾਨ ਹੁੰਦਾ ਸੀ?
ਉ. ਉਹ ਚੀਜ਼ਾਂ ਭੁੱਲ ਜਾਂਦਾ ਤੇ ਨਾਸ਼ਤਾ ਨਾ ਕਰਦਾ।

## ਸ) ਪ੍ਰਸ਼ਨ- ਉੱਤਰ

ਪ੍ਰ1. ਨਿੰਦੀ ਨੇ ਦਾਦੀ ਨੂੰ ਕੀ ਸਵਾਲ ਪੁੱਛਿਆ ਤੇ ਦਾਦੀ ਨੇ ਉਸ ਦਾ ਕੀ ਜਵਾਬ ਦਿੱਤਾ?
ਉ. ਨਿੰਦੀ ਨੇ ਦਾਦੀ ਨੂੰ ਪੁੱਛਿਆ ਕਿ ਕਾਹਲੀ ਅੱਗੇ ਟੋਏ ਦਾ ਕੀ ਅਰਥ ਹੈ? ਦਾਦੀ ਨੇ ਦੱਸਿਆ ਕਿ ਉਸ ਦਾ ਅਰਥ ਹੈ - ਜਲਦਬਾਜ਼ੀ ਵਿੱਚ ਕੀਤੇ ਕੰਮ ਅਕਸਰ ਵਿਗੜਦੇ ਹਨ।

ਪ੍ਰ2. ਕੱਛੂਕੁੰਮੇ ਤੇ ਖ਼ਰਗੋਸ਼ ਦੀ ਦੌੜ ਨੂੰ ਸੰਖੇਪ ਵਿੱਚ ਲਿਖੋ।
ਉ. ਖ਼ਰਗੋਸ਼ ਕਾਹਲ਼ੀ ਕਰਨ ਕਰਕੇ ਦੌੜ ਹਾਰ ਗਿਆ ਤੇ ਕੱਛੂਕੁੰਮਾ ਹੌਲ਼ੀ-ਹੌਲ਼ੀ ਚੱਲ ਕੇ ਮਿੱਥੇ ਨਿਸ਼ਾਨੇ ਤੇ ਪੁੱਜ ਗਿਆ ।

ਪ੍ਰ3. ਕਿਸਾਨ ਨੇ ਕੀ ਸੋਚ ਕੇ ਮੁਰਗੀ ਦਾ ਢਿੱਡ ਪਾੜਿਆ ਤੇ ਉਸ ਨੂੰ ਕੀ ਮਿਲਿਆ?
ਉ. ਕਿਸਾਨ ਨੇ ਜ਼ਿਆਦਾ ਆਂਡਿਆਂ ਦੇ ਲਾਲਚ ਵਿੱਚ ਮੁਰਗੀ ਦਾ ਢਿੱਡ ਪਾੜਿਆ ਤੇ ਉਸ ਨੂੰ ਕੁਝ ਨਹੀਂ ਮਿਲਿਆ।

ਪ੍ਰ4. ਨਿੰਦੀ ਨੂੰ ਕਿਸ ਕੰਮ ਦੀ ਸਮਝ ਆ ਗਈ ਸੀ?
ਉ. ਨਿੰਦੀ ਨੂੰ ਧੀਰਜ ਨਾਲ ਕੰਮ ਕਰਨ ਦੀ ਸਮਝ ਆ ਗਈ ਸੀ।

ਪ੍ਰ5. ਜਿਹੜੇ ਬੱਚੇ ਸਾਰਾ ਸਾਲ ਮਿਹਨਤ ਕਰਦੇ ਹਨ ਉਹਨਾਂ ਨੂੰ ਕੀ ਫ਼ਲ ਮਿਲਦਾ ਹੈ ?
ਉ. ਉਹ ਬੱਚੇ ਚੰਗੇ ਨੰਬਰ ਪ੍ਰਾਪਤ ਕਰਦੇ ਹਨ।

## ਪੁਸਤਕ ਅਭਿਆਸ :

ਅ) ਬਹੁ-ਵਿਕਲਪੀ ਪ੍ਰਸ਼ਨ : 1) ਇੱਕ ਅਖਾਣ 2) ਸਹਿਜ-ਭਾਅ ਨਾਲ਼ 3) ਦੌੜ ਹਾਰ ਗਿਆ 4) ਢਿੱਡ ਪਾੜ ਸੁੱਟਿਆ 5) ਕਾਹਲ਼ੀ ਨਾਲ਼ 6) ਟੋਏ

ਹ) ਖ਼ਾਲੀ ਥਾਵਾਂ ਭਰੋ : 1. ਜਲਦਬਾਜ਼ੀ 2. ਧੀਮੀ 3. ਦਰੱਖ਼ਤਾਂ 4. ਮੁਰਗੀ 5. ਕਾਹਲ਼ੀ

ਕ) ਕਿਸ ਨੇ ਕਿਸ ਨੂੰ ਕਿਹਾ: 1. ਦਾਦੀ ਜੀ ਨੇ - ਨਿੰਦੀ ਨੂੰ 2. ਨਿੰਦੀ ਨੇ - ਦਾਦੀ ਜੀ ਨੂੰ 3. ਨਿੰਦੀ ਨੇ - ਦਾਦੀ ਜੀ ਨੂੰ 4. ਦਾਦੀ ਜੀ ਨੇ - ਨਿੰਦੀ ਨੂੰ

ਸ਼ਬਦਾਂ ਨਾਲ ਖੇਡੋ -
ਵਾਕ ਬਣਾਉ : ਆਪਣੇ-ਆਪ ਕਰੋ।

## ਵਿਆਕਰਨ

ੳ) ਦਿੱਤੇ ਕਥਨਾਂ ਲਈ ਇੱਕ ਸ਼ਬਦ ਲਿਖੋ : 1) ਅਖਾਣ 2) ਕਿਸਾਨ 3) ਬਜ਼ਾਰ 4) ਨਾਸ਼ਤਾ 5) ਮੁਰਗੀਖ਼ਾਨਾ
ਅ) ਬਹੁ- ਵਿਕਲਪੀ ਪ੍ਰਸ਼ਨ : 1) ਅਧਿਆਪਕ 2) ਦਾਦੀ 3) ਵਿਦਿਆਰਥੀ 4) ਹੈੱਡਮਾਸਟਰ 5) ਕਹਾਣੀਕਾਰ 6) ਚਿੱਤਰਕਾਰ
ਤੁਹਾਡੀ ਕਲਮ ਤੋਂ : ਆਪ ਕਰੋ।

# ਪਾਠ - 3 : ਮਾਂ ਦੀ ਸਿੱਖਿਆ

**ਨਵੇਂ ਸ਼ਬਦ :**

| | | | | |
|---|---|---|---|---|
| 1. ਸ਼ਹਿਰ | 2. ਸੁਨਹਿਰੀ | 3. ਧਿਆਨ | 4. ਕਮਜ਼ੋਰ | 5. ਵੱਡੀਆਂ |
| 6. ਮਜ਼ਾਕ | 7. ਟੋਪੀ | 8. ਰਸਤਾ | 9. ਐਨਕ | 10. ਸਾਥੀਆਂ |
| 11. ਚਿਹਰਿਆਂ | 12. ਮਨੀਆਰਡਰ | 13. ਅਫ਼ਸਰ | 14. ਪੜ੍ਹਾਈ | 15. ਸੂਰਜ |

**ਸ਼ਬਦ - ਅਰਥ**

1. ਨੀਝ = ਧਿਆਨ
2. ਸੰਦੇਸ਼ = ਸੁਨੇਹਾ
3. ਪਦਵੀ = ਅਹੁਦਾ
4. ਉੱਘਾ = ਮਸ਼ਹੂਰ
5. ਕਦਮ ਪੁੱਟਣਾ = ਚੱਲਣਾ

**ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।**

**ੲ) ਪ੍ਰਸ਼ਨ - ਉੱਤਰ :**

**ਪ੍ਰ1. ਬਜ਼ੁਰਗ ਦੇ ਡਿੱਗਣ 'ਤੇ ਬੱਚੇ ਕੀ ਕਰਨ ਲੱਗੇ?**
ਉ. ਬੱਚੇ ਹੱਸਣ ਲੱਗੇ ।

**ਪ੍ਰ2. ਡਿੱਗਣ ਨਾਲ ਬਜ਼ੁਰਗ ਦਾ ਕੀ ਹਾਲ ਹੋ ਗਿਆ?**
ਉ. ਉਸ ਦੀ ਟੋਪੀ ਤੇ ਖੂੰਡੀ ਡਿੱਗ ਪਈ।

**ਪ੍ਰ3. ਬਜ਼ੁਰਗ ਨੇ ਮੁੰਡੇ ਨੂੰ ਉਸ ਦਾ ਕੀ-ਕੀ ਪੁੱਛਿਆ?**
ਉ. ਉਸ ਨੇ ਮੁੰਡੇ ਦਾ ਨਾਂ ਤੇ ਅਤਾ-ਪਤਾ ਪੁੱਛਿਆ।

**ਪ੍ਰ4. ਬੁੱਢੇ ਨੇ ਬੱਚੇ ਨੂੰ ਇਨਾਮ ਵਜੋਂ ਕੀ ਭੇਜਿਆ ਸੀ ?**
ਉ. ਉਸਨੇ ਮੁੰਡੇ ਨੂੰ ਰਕਮ ਭੇਜੀ ।

**ਸ) ਪ੍ਰਸ਼ਨ - ਉੱਤਰ :**

**ਪ੍ਰ1. ਬਜ਼ੁਰਗ ਆਦਮੀ ਕਿਹੋ ਜਿਹਾ ਸੀ?**
ਉ. ਬਜ਼ੁਰਗ ਆਦਮੀ ਇੱਕ ਲੱਤ ਤੋਂ ਲੰਗੜਾ ਤੇ ਨਜ਼ਰ ਤੋਂ ਕਮਜ਼ੋਰ ਸੀ।

**ਪ੍ਰ2. ਉਸ ਬੱਚੇ ਨੇ ਬਜ਼ੁਰਗ ਦੀ ਮਦਦ ਕਿਵੇਂ ਕੀਤੀ ?**
ਉ. ਉਸ ਬੱਚੇ ਨੇ ਬਜ਼ੁਰਗ ਦੀ ਡਿੱਗੀ ਟੋਪੀ ਝਾੜੀ, ਸੋਟੀ ਚੁੱਕ ਕੇ ਦਿੱਤੀ ਤੇ ਤੁਰਨ ਲਈ ਰਸਤਾ ਦੱਸਿਆ।

**ਪ੍ਰ3. ਬਜ਼ੁਰਗ ਨੇ ਮੁੰਡੇ ਨੂੰ ਕੀ ਤੇ ਕਿਉਂ ਭੇਜਿਆ ?**
ਉ. ਬਜ਼ੁਰਗ ਨੇ ਮੁੰਡੇ ਨੂੰ ਮਨੀਆਰਡਰ ਰਾਹੀਂ ਰਕਮ ਇਨਾਮ ਵਜੋਂ ਭੇਜੀ।

**ਪ੍ਰ4. ਉਸ ਬੱਚੇ ਦੀ ਵਿਧਵਾ ਮਾਂ ਨੂੰ ਕੀ-ਕੀ ਕਰਨਾ ਪੈ ਰਿਹਾ ਸੀ?**
ਉ. ਉਸ ਬੱਚੇ ਦੀ ਮਾਂ ਨੂੰ ਦੁੱਖ ਸਹਿਣੇ ਪੈ ਰਹੇ ਸੀ ।

**ਪੁਸਤਕ ਅਭਿਆਸ :**

ਅ) ਬਹੁ-ਵਿਕਲਪੀ ਪ੍ਰਸ਼ਨ : 1) ਖੇਡਣ ਵਿੱਚ 2) ਲੰਗੜਾ 3) ਠੇਡਾ ਖਾ ਕੇ 4) ਹੱਸਣ ਲੱਗੇ
5) ਮਨੀਆਰਡਰ 6) ਮਾਂ ਦੀ

ਹ) ਹੇਠਾਂ ਦਿੱਤੇ ਵਾਕਾਂ ਦੇ ਸਾਹਮਣੇ ਠੀਕ ਅਤੇ ਗਲਤ ਦੇ ਨਿਸ਼ਾਨ ਲਾਓ:
1) ✗ 2) ✗ 3) ✓ 4) ✓ 5) ✓

ਸ਼ਬਦਾਂ ਨਾਲ ਖੇਡੋ –

## ਸ਼ੁੱਧ-ਅਸ਼ੁੱਧ

| | | | | |
|---|---|---|---|---|
| 1) ਖੂੰਡੀ | 2) ਮਿਹਨਤ | 3) ਪੜ੍ਹਾਈ | 4) ਧਿਆਨ | 5) ਵਿਸ਼ਵ |
| 6) ਜੰਗਲੀ | 7) ਸੁਨਹਿਰੀ | 8) ਲਹਿਰ | 9) ਪ੍ਰਾਪਤ | 10) ਵਿਧਵਾ |

## ਵਿਆਕਰਨ

**ੳ) ਭਾਵ ਵਾਚਕ ਨਾਂਵ:** 1) ਹਾਂ 2) ਨਹੀਂ 3) ਹਾਂ 4) ਨਹੀਂ 5) ਨਹੀਂ 6) ਹਾਂ

**ਅ) ਖ਼ਾਲੀ ਥਾਵਾਂ ਭਰੋ :** 1)ਟੋਲੀ 2) ਡਾਰ 3) ਫ਼ੌਜ 4) ਇੱਜੜ 5) ਭੀੜ

ਤੁਹਾਡੀ ਕਲਮ ਤੋਂ : ਆਪ ਕਰੋ।

## ਪਾਠ – 5: ਸਰਹੱਦ ਦੇ ਰਾਖੇ

### ਨਵੇਂ ਸ਼ਬਦ :

| | | | | |
|---|---|---|---|---|
| 1. ਸਰਹੱਦ | 2. ਸੈਨਿਕ | 3. ਪਾਲਣ-ਪੋਸ਼ਣ | 4. ਜ਼ਿੰਮੇਵਾਰੀ | 5. ਸਾਹਮਣੇ |
| 6. ਪਰੀਖਿਆ | 7. ਐਤਵਾਰ | 8. ਬਹਾਦਰੀ | 9. ਸੈਨਾ | 10. ਮਿਹਨਤ |
| 11. ਅਧਿਆਪਕ | 12. ਫ਼ੌਜੀ | 13. ਜਮਾਤ | 14. ਸ਼ਹੀਦ | 15. ਤਮਗ਼ਿਆਂ |

### ਸ਼ਬਦ – ਅਰਥ

| | | |
|---|---|---|
| 1. ਤਮਗ਼ੇ = ਮੈਡਲ | 2. ਦੁਸ਼ਮਣ = ਵੈਰੀ | 3. ਹੰਝੂ = ਅੱਥਰੂ |
| 4. ਨਾਜ਼ = ਮਾਣ | 5. ਸੈਨਾ = ਫ਼ੌਜ | |

### ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

### ੲ) ਪ੍ਰਸ਼ਨ – ਉੱਤਰ :

**ਪ੍ਰ1. ਵਿਪਨ ਦੇ ਪਾਪਾ ਆਪਣੀ ਪਤਨੀ ਨੂੰ ਕੀ ਕਿਹਾ ਕਰਦੇ ਸਨ?**
ਉ. ਉਹ ਕਹਿੰਦੇ ਸਨ ਕਿ ਸੈਨਿਕਾਂ ਦੀਆਂ ਪਤਨੀਆਂ ਕਦੇ ਹੰਝੂ ਨਹੀਂ ਵਹਾਉਂਦੀਆਂ।

**ਪ੍ਰ2. ਵਿਪਨ ਫ਼ੋਟੋ ਵਿੱਚ ਪਾਪਾ ਦੀ ਵਰਦੀ 'ਤੇ ਕੀ ਲੱਗਿਆ ਵੇਖ ਕੇ ਮੰਮੀ ਨੂੰ ਪ੍ਰਸ਼ਨ ਪੁੱਛਦਾ ਸੀ?**
ਉ. ਉਹ ਵਰਦੀ 'ਤੇ ਲੱਗੇ ਤਮਗ਼ਿਆ ਨੂੰ ਵੇਖ ਕੇ ਪ੍ਰਸ਼ਨ ਪੁੱਛਦਾ ਸੀ।

**ਪ੍ਰ3. ਵਿਪਨ ਦੇ ਪਾਪਾ ਨੂੰ ਤਮਗ਼ੇ ਕਿਸ ਕਰਕੇ ਮਿਲੇ?**
ਉ. ਵਿਪਨ ਦੇ ਪਾਪਾ ਨੂੰ ਤਮਗ਼ੇ ਉਹਨਾਂ ਦੀ ਬਹਾਦਰੀ ਕਰਕੇ ਮਿਲੇ ਸਨ।

**ਪ੍ਰ4. ਅਧਿਆਪਕ ਨੇ ਵਿਪਨ ਨੂੰ ਫ਼ੌਜੀ ਬਣਨ ਲਈ ਕਿਹੜੀ ਪਰੀਖਿਆ ਦੇਣ ਲਈ ਕਿਹਾ?**
ਉ. ਅਧਿਆਪਕ ਨੇ ਉਸ ਨੂੰ ਐੱਨ. ਡੀ. ਏ. ਦੀ ਪਰੀਖਿਆ ਦੇਣ ਲਈ ਕਿਹਾ।

**ਪ੍ਰ.5 ਵਿਪਨ ਫ਼ੌਜ ਵਿੱਚ ਭਰਤੀ ਕਿਉਂ ਹੋਣਾ ਚਾਹੁੰਦਾ ਸੀ?**
ਉ. ਉਹ ਬਹਾਦਰੀ ਦੇ ਤਮਗ਼ੇ ਪ੍ਰਾਪਤ ਕਰਨ ਲਈ ਫ਼ੌਜ ਵਿੱਚ ਭਰਤੀ ਹੋਣਾ ਚਾਹੁੰਦਾ ਸੀ।

### ਸ) ਪ੍ਰਸ਼ਨ – ਉੱਤਰ :

**ਪ੍ਰ.1 ਵਿਪਨ ਕੰਧ ਤੇ ਲੱਗੀ ਆਪਣੇ ਪਾਪਾ ਦੀ ਫ਼ੋਟੋ ਦੇਖ ਕੇ ਮੰਮੀ ਨੂੰ ਕੀ ਪੁੱਛਦਾ ਰਹਿੰਦਾ ?**
ਉ. ਵਿਪਨ ਵਰਦੀ ਤੇ ਲੱਗੇ ਤਮਗ਼ਿਆਂ ਅਤੇ ਫ਼ੌਜ ਬਾਰੇ ਪੁੱਛਦਾ ਰਹਿੰਦਾ।

**ਪ੍ਰ.2 ਵਿਪਨ ਦੀ ਮੰਮੀ ਨੇ ਉਸ ਦੇ ਪਾਪਾ ਦੇ ਤਮਗ਼ਿਆਂ ਬਾਰੇ ਕੀ ਦੱਸਿਆ?**
ਉ. ਮੰਮੀ ਨੇ ਦੱਸਿਆ ਕਿ ਉਹਨਾਂ ਨੂੰ ਤਮਗ਼ੇ ਬਹਾਦਰੀ ਕਰਕੇ ਮਿਲੇ ਹਨ।

ਪ੍ਰ3. ਵਿਪਨ ਨੇ ਫ਼ੌਜੀ ਅਫ਼ਸਰ ਬਣਨ ਲਈ ਕੀ ਕੀਤਾ?
ਉ. ਵਿਪਨ ਨੇ ਫ਼ੌਜੀ ਅਫ਼ਸਰ ਬਣਨ ਲਈ ਬਹੁਤ ਜ਼ਿਆਦਾ ਮਿਹਨਤ ਕੀਤੀ ਤੇ ਐੱਨ. ਡੀ. ਏ. ਦੀ ਪਰੀਖਿਆ ਦਿੱਤੀ।

## ਪੁਸਤਕ ਅਭਿਆਸ

ਅ) ਬਹੁ-ਵਿਕਲਪੀ ਪ੍ਰਸ਼ਨ:
1) ਸਰਹੱਦ ਦੀ ਰਾਖੀ ਕਰਦੇ 2) ਤਮਗ਼ੇ 3) ਬਹਾਦਰ 4) ਐੱਨ. ਡੀ.ਏ. ਦੀ 5) ਮਾੜੀ ਨਜ਼ਰ ਨਾਲ ਵੇਖਣਾ

ਹ) ਖ਼ਾਲੀ ਥਾਵਾਂ ਭਰੋ : 1) ਸਰਹੱਦਾਂ 2) ਤਮਗ਼ੇ 3) ਬਹਾਦਰ 4) ਐੱਨ. ਡੀ. ਏ. 5) ਪਾਪਾ

ਕ ਕਿਸ ਨੇ, ਕਿਸ ਨੂੰ ਕਿਹਾ: 1) ਮਾਂ ਨੇ - ਵਿਪਨ ਨੂੰ 2) ਵਿਪਨ ਨੇ - ਮਾਂ ਨੂੰ 3) ਅਧਿਆਪਕ ਨੇ - ਵਿਪਨ ਨੂੰ

ਸ਼ਬਦਾਂ ਨਾਲ ਖੇਡੋ:
1) ਮੋਟਾ, ਸੋਟਾ, ਖੋਟਾ 2) ਸਰਦੀ, ਕਰਦੀ, ਡਰਦੀ 3) ਮਿਆਨ, ਗਿਆਨ, ਬਿਆਨ
4) ਕੈਰੀ, ਚੈਰੀ, ਮੈਰੀ 5) ਚਟਕ, ਮਟਕ, ਗਟਕ

## ਵਿਆਕਰਨ :

ੳ) ਬਹੁ-ਵਿਕਲਪੀ ਪ੍ਰਸ਼ਨ : 1) ਬੋਲੀ ਜਾਂ ਭਾਸ਼ਾ ਦੀ 2) ਦੋ 3) ਤਿੰਨ 4) ਪੰਜਾਬੀ

ਅ) ਵਾਕਾਂ ਦੀ ਲਿੰਗ ਬਦਲੀ ਕਰੋ:
1) ਉਹ ਇੱਕ ਛੋਟੀ ਬੱਚੀ ਸੀ। 2) ਫ਼ੌਜਣ ਆਈ ਹੈ। 3) ਉਸ ਦੀ ਮੰਮੀ ਫ਼ੌਜਣ ਹੈ।
4) ਅਧਿਆਪਕਾ ਪਾਠ ਪੜ੍ਹਾ ਰਹੀ ਹੈ। 5) ਕੁੜੀਆਂ ਨੇ ਖ਼ੂਬ ਰੌਲ਼ਾ ਪਾਇਆ। 6) ਉਸ ਨੇ ਸੋਟੀ ਨਾਲ ਸੱਪਣੀ ਮਾਰੀ।

ਤੁਹਾਡੀ ਕਲਮ ਤੋਂ : ਆਪ ਕਰੋ।

## ਪਾਠ - 6 : ਪੰਜਾਬ ਕੇਸਰੀ -ਲਾਲਾ ਲਾਜਪਤ ਰਾਏ

### ਨਵੇਂ ਸ਼ਬਦ :

| | | | | |
|---|---|---|---|---|
| 1. ਅਜ਼ਾਦ | 2. ਸਤਿਕਾਰ | 3. ਕੇਸਰੀ | 4. ਧਾਰਮਿਕ | 5. ਆਰੀਆ |
| 6. ਗਿਣਤੀ | 7. ਅੰਗਰੇਜ਼ਾਂ | 8. ਵਿਰੁੱਧ | 9. ਕਾਨੂੰਨ | 10. ਲਾਠੀਚਾਰਜ |
| 11. ਕੁਰਬਾਨੀਆਂ | 12. ਸਾਈਮਨ | 13. ਲਾਊਡ-ਸਪੀਕਰ | 14. ਕਾਲਜ | 15. ਲਾਹੌਰ |

### ਸ਼ਬਦ - ਅਰਥ

1. ਹੁਸ਼ਿਆਰ = ਲਾਇਕ 2. ਤਕਰੀਰਾਂ = ਭਾਸ਼ਣ 3. ਤਾਬ = ਦਰਦ
4. ਨਿਹੱਥੇ = ਹਥਿਆਰਾਂ ਤੋਂ ਬਿਨਾਂ 5. ਗ਼ੁਲਾਮ = ਅਧੀਨ

### ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

### ੲ) ਪ੍ਰਸ਼ਨ - ਉੱਤਰ :

ਪ੍ਰ1. ਲਾਲਾ ਜੀ ਕਿਹੋ ਜਿਹੇ ਨੇਤਾ ਸਨ?
ਉ. ਲਾਲਾ ਜੀ ਨਿਡਰ ਨੇਤਾ ਸਨ।

ਪ੍ਰ2. ਲਾਲਾ ਜੀ ਦੀ ਮਾਤਾ ਕਿਹੋ ਜਿਹੇ ਵਿਚਾਰਾਂ ਵਾਲੀ ਔਰਤ ਸੀ?
ਉ. ਲਾਲਾ ਜੀ ਦੀ ਮਾਤਾ ਧਾਰਮਿਕ ਵਿਚਾਰਾਂ ਵਾਲੀ ਔਰਤ ਸੀ।

ਪ੍ਰ3. ਡੀ.ਏ.ਵੀ ਸਕੂਲ-ਕਾਲਜ ਕਿਸ ਦੀ ਦੇਣ ਹਨ?
ਉ. ਡੀ.ਏ.ਵੀ. ਸਕੂਲ-ਕਾਲਜ ਲਾਲਾ ਲਾਜਪਤ ਰਾਏ ਜੀ ਦੀ ਦੇਣ ਹਨ।

ਪ੍ਰ4. ਸਾਈਮਨ ਕਮਿਸ਼ਨ ਭਾਰਤ ਕਦੋਂ ਅਇਆ?
ਉ. ਸਾਈਮਨ ਕਮਿਸ਼ਨ 1928 ਈ. ਵਿੱਚ ਭਾਰਤ ਆਇਆ।

ਪ੍ਰ5. ਭਾਰਤ ਅਜ਼ਾਦ ਕਦੋਂ ਹੋਇਆ?
ਉ. ਭਾਰਤ 15 ਅਗਸਤ 1947 ਨੂੰ ਅਜ਼ਾਦ ਹੋਇਆ।

## ਸ. ਪ੍ਰਸ਼ਨ - ਉੱਤਰ :

ਪ੍ਰ.1 ਲਾਲਾ ਜੀ ਦੇ ਜਨਮ ਅਤੇ ਮਾਤਾ-ਪਿਤਾ ਬਾਰੇ ਲਿਖੋ।
ਉ. ਲਾਲਾ ਜੀ ਦਾ ਜਨਮ 1865 ਈ. ਵਿੱਚ ਪੰਜਾਬ ਦੇ ਮੋਗਾ ਜ਼ਿਲ੍ਹੇ ਦੇ ਇੱਕ ਪਿੰਡ ਢੁੱਡੀਕੇ ਵਿਖੇ ਹੋਇਆ। ਆਪ ਜੀ ਦੀ ਮਾਤਾ ਦਾ ਨਾਂ ਗੁਲਾਬ ਦੇਵੀ ਤੇ ਪਿਤਾ ਦਾ ਨਾਂ ਸ਼੍ਰੀ ਰਾਧਾ ਕ੍ਰਿਸ਼ਨ ਸੀ ।

ਪ੍ਰ.2 ਲਾਲਾ ਜੀ ਪੜ੍ਹਾਈ ਵਿੱਚ ਕਿਹੋ ਜਿਹੇ ਸਨ ਤੇ ਉਹ ਵਕਾਲਤ ਪਾਸ ਕਰਕੇ ਕੀ ਕਰਨ ਲੱਗੇ?
ਉ. ਲਾਲਾ ਜੀ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸਨ। ਉਹ ਵਕਾਲਤ ਪਾਸ ਕਰ ਕੇ ਵਕਾਲਤ ਕਰਨ ਲੱਗੇ।

ਪ੍ਰ.3 ਲਾਲਾ ਜੀ ਸ਼ਹੀਦ ਕਿਵੇਂ ਹੋਏ?
ਉ. ਪੁਲਿਸ ਦੁਆਰਾ ਕੀਤੇ ਲਾਠੀਚਾਰਜ ਵਿੱਚ ਲਾਲਾ ਜੀ ਜ਼ਖਮੀ ਹੋ ਗਏ। ਕੁਝ ਦਿਨਾਂ ਬਾਅਦ ਇਹਨਾਂ ਜ਼ਖਮਾਂ ਦੀ ਤਾਬ ਨੂੰ ਸਹਿੰਦੇ ਹੋਏ ਸ਼ਹੀਦ ਹੋ ਗਏ।

## ਪੁਸਤਕ ਅਭਿਆਸ :

ਅ) ਬਹੁ-ਵਿਕਲਪੀ ਪ੍ਰਸ਼ਨ : 1) ਨਿਡਰ ਦੇਸ਼-ਭਗਤ ਹੋਣ ਕਰਕੇ 2) 1865 ਈ. ਵਿੱਚ 3) ਵਕੀਲ 4) ਲਾਠੀਆਂ ਵੱਜਣ ਨਾਲ 5) 2015 ਈ. ਵਿੱਚ

ਹ) ✓ / × ਦਾ ਨਿਸ਼ਾਨ ਲਗਾਉ : 1) ✓ 2) ✓ 3) ✓ 4) × 5) ✓

**ਸ਼ਬਦਾਂ ਨਾਲ ਖੇਡੋ - ਵਾਕ ਬਣਾਉ : ਆਪਣੇ-ਆਪ ਕਰੋ।**

## ਵਿਆਕਰਨ

ੳ) ਵਾਕਾਂ ਵਿੱਚ ਲਿੰਗ ਬਦਲੀ ਕਰਕੇ ਲਿਖੋ : 1) ਪੋਤੀ ਰੋ ਰਹੀ ਹੈ। 2) ਕੁੜੀ ਰੌਲ਼ਾ ਪਾ ਰਹੀ ਹੈ। 3) ਨੌਕਰਾਣੀ ਸਫ਼ਾਈ ਕਰ ਰਹੀ ਹੈ। 4) ਮਾਤਾ ਜੀ ਬਜ਼ਾਰ ਗਏ। 5) ਮੁੰਡਾ ਗਾਣਾ ਗਾ ਰਿਹਾ ਹੈ ।

ਅ) ਲਿੰਗ ਦਾ ਸਹੀ ਰੂਪ ਲਿਖੋ :

| | | | |
|---|---|---|---|
| ਪੁਲਿੰਗ - | ਢੋਲ | ਹਥੌੜਾ | ਸ਼ੇਰ |
| ਇਸਤਰੀ ਲਿੰਗ - | ਸੋਟੀ | ਨਾਗਣੀ | ਘੋੜੀ |

ਤੁਹਾਡੀ ਕਲਮ ਤੋਂ : ਆਪ ਕਰੋ।

## ਪਾਠ - 7 : ਸਾਡੇ ਘਰ ਇੱਕ ਗੁੱਡੀ ਆਈ

### ਨਵੇਂ ਸ਼ਬਦ :

| | | | | |
|---|---|---|---|---|
| 1. ਗੁੱਡੀ | 2. ਝੋਲੀ | 3. ਮੂੰਹ | 4. ਚੁੰਮਣ | 5. ਵਧਾਈਆਂ |
| 6. ਪੜ੍ਹ-ਲਿਖ | 7. ਅਫ਼ਸਰ | 8. ਭੂਆ | 9. ਸੋਹਣੇ | 10. ਕੱਪੜੇ |
| 11. ਕੁੜੀਆਂ | 12. ਸ਼ਾਨ | 13. ਪਿਆਰ | 14. ਅਨਮੋਲ | 15. ਅਸੀਸਾਂ |

### ਸ਼ਬਦ - ਅਰਥ

1. ਖੀਵੇ ਹੋ ਕੇ = ਖ਼ੁਸ਼ ਹੋ ਕੇ
2. ਜੱਗ = ਦੁਨੀਆ
3. ਰੋਲ਼ਣਾ = ਨਿਰਾਦਰ ਕਰਨਾ
4. ਅਸੀਸਾਂ ਲੁਟਾਉਣੀਆਂ = ਦੁਆਵਾਂ ਦੇਣੀਆਂ
5. ਅਨਮੋਲ = ਬਹੁਤ ਕੀਮਤੀ

ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

ੲ) ਪ੍ਰਸ਼ਨ - ਉੱਤਰ :

ਪ੍ਰ1. ਗੁੱਡੀ ਨੂੰ ਸਾਰੇ ਕੀ ਕਰ ਰਹੇ ਸਨ?
ਉ. ਕੋਈ ਗੁੱਡੀ ਨੂੰ ਚੁੱਕ ਰਿਹਾ ਸੀ ਤੇ ਕੋਈ ਰੱਖ ਰਿਹਾ ਸੀ।

ਪ੍ਰ2. ਗੁੱਡੀ ਕਿਸ ਦੀ ਸ਼ਾਨ ਬਣਾਉਣ ਆਈ ਸੀ?
ਉ. ਗੁੱਡੀ ਕੁੱਲ ਦੀ ਸ਼ਾਨ ਬਣਾਉਣ ਆਈ ਸੀ।

ਪ੍ਰ3. ਚਾਚੀਆਂ, ਤਾਈਆਂ ਗੁੱਡੀ ਨੂੰ ਕਾਹਦੀ ਅਸੀਸ ਦਿੰਦੀਆਂ ਹਨ?
ਉ. ਚਾਚੀਆਂ, ਤਾਈਆਂ ਗੁੱਡੀ ਨੂੰ ਅਫ਼ਸਰ ਬਣਨ ਦੀ ਅਸੀਸ ਦਿੰਦੀਆਂ ਹਨ।

ਪ੍ਰ4. ਗੁੱਡੀ ਦੇ ਗਲ਼ ਵਿੱਚ ਚੇਨ ਕਿਸ ਨੇ ਪਾਈ?
ਉ. ਗੁੱਡੀ ਦੇ ਗਲ਼ ਵਿੱਚ ਚੇਨ ਮਾਮੀ ਨੇ ਪਾਈ।

ਸ) ਪ੍ਰਸ਼ਨ - ਉੱਤਰ :

ਪ੍ਰ.1 ਗੁੱਡੀ ਦੇ ਆਉਣ 'ਤੇ ਘਰ ਵਿੱਚ ਕੌਣ-ਕੌਣ ਆਇਆ ?
ਉ. ਗੁੱਡੀ ਦੇ ਆਉਣ ਤੇ ਘਰ ਵਿੱਚ ਚਾਚੀਆਂ, ਤਾਈਆਂ, ਭੂਆ,ਮਾਮੀ ਤੇ ਮਾਸੀਆਂ ਆਈਆਂ।

ਪ੍ਰ.2 ਭੂਆ, ਮਾਸੀ, ਨਾਨਾ-ਨਾਨੀ ਗੁੱਡੀ ਲਈ ਕੀ-ਕੀ ਲੈ ਕੇ ਆਏ?
ਉ. ਉਹ ਗੁੱਡੀ ਲਈ ਕੱਪੜੇ ਲੈ ਕੇ ਆਏ।

ਪੁਸਤਕ ਅਭਿਆਸ:

ਅ) ਬਹੁ-ਵਿਕਲਪੀ ਪ੍ਰਸ਼ਨ : 1) ਖ਼ੁਸ਼ 2) ਨੋਟਾਂ ਦੇ ਬੁੱਕ 3) ਵਧਾਈਆਂ 4) ਗੁੱਡੀ ਦੇ 5) ਪਿਆਰ

ਹ) ਕਾਵਿ-ਟੋਟੇ : 1) ਅਨਮੋਲ 2) ਪਰਾਈ

ਕ. ਖ਼ਾਲੀ ਥਾਵਾਂ ਭਰੋ : 1) ਚੁੰਮਦੇ 2) ਮਾਂ-ਬਾਪ 3) ਅਫ਼ਸਰ 4) ਲੱਛਮੀ 5) ਪਿਆਰ

ਸ਼ਬਦਾਂ ਨਾਲ ਖੇਡੋ: : 1) ਆਈ- ਤਾਈ, ਭਾਈ, ਪਾਈ 2) ਆਏ- ਜਾਏ, ਗਾਏ, ਤਾਏ 3) ਸ਼ਾਨ- ਆਨ, ਮਾਨ, ਜਾਨ 4) ਕੁੱਲ- ਬੁੱਲ, ਮੁੱਲ, ਖੁੱਲ 5) ਘਰ- ਕਰ, ਡਰ, ਮਰ 6) ਪਿਆਰ- ਤਿਆਰ, ਸਿਆਰ, ਮਿਆਰ

ਵਿਆਕਰਨ:

ੳ) ਵਚਨ ਬਦਲੋ : 1) ਗੁੱਡੀਆਂ 2) ਮਾਮੀਆਂ 3) ਨੋਟਾਂ 4) ਕੁੜੀਆਂ 5) ਚਾਚੀਆਂ 6) ਫ਼ਸਲਾਂ 7) ਤਾਈਆਂ 8) ਕਾਰਾਂ 9) ਅਸੀਸਾਂ 10) ਚਿੱਠੀਆਂ

ਅ) ਦਿੱਤੇ ਸ਼ਬਦਾਂ ਦੇ ਸਹੀ ਵਚਨ ਰੂਪ ਲਿਖੋ : 1) ਬਹੁ-ਵਚਨ 2) ਇੱਕ- ਵਚਨ 3) ਬਹੁ-ਵਚਨ 4) ਬਹੁ-ਵਚਨ 5) ਇੱਕ- ਵਚਨ 6) ਬਹੁ-ਵਚਨ 7) ਬਹੁ-ਵਚਨ 8) ਬਹੁ-ਵਚਨ 9) ਇੱਕ-ਵਚਨ 10) ਬਹੁ-ਵਚਨ

ਤੁਹਾਡੀ ਕਲਮ ਤੋਂ : ਆਪ ਕਰੋ।

# ਪਾਠ - 8 : ਨਸੀਹਤ

## ਨਵੇਂ ਸ਼ਬਦ :

| | | | | |
|---|---|---|---|---|
| 1. ਸਕੂਟੀ | 2. ਮੋਬਾਈਲ | 3. ਵਾਹਨ | 4. ਹੈਲਮਟ | 5. ਜ਼ਿਆਦਾ |
| 6. ਆਟੋ-ਰਿਕਸ਼ਾ | 7. ਮਹਿਸੂਸ | 8. ਭੀੜ | 9. ਮੋਟਰਸਾਈਕਲ | 10. ਹਸਪਤਾਲ |
| 11. ਫ਼ੋਨ | 12. ਸਕੂਟਰ | 13. ਅਪਰੈਲ | 14. ਬਾਈਕਾਂ | 15. ਬੱਤੀਆਂ |

## ਸ਼ਬਦ - ਅਰਥ

1. ਮੁੱਕਣ = ਖ਼ਤਮ ਹੋਣ
2. ਧੁਨ = ਮਸਤੀ
3. ਅੰਨ੍ਹੇਵਾਹ = ਬਿਨਾਂ ਦੇਖੇ ਤੇਜ਼-ਤੇਜ਼
4. ਦਹਿਸ਼ਤ = ਡਰ ਹੋਣਾ
5. ਨਸੀਹਤ = ਸਿੱਖਿਆ

## ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ :

## ੲ) ਪ੍ਰਸ਼ਨ - ਉੱਤਰ :

**ਪ੍ਰ1. ਅਮਨ ਨੇ ਪਾਪਾ ਨੂੰ ਕੀ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ?**
ਉ. ਅਮਨ ਨੇ ਪਾਪਾ ਨੂੰ ਸਕੂਟੀ ਚਲਾਉਂਦੇ ਸਮੇਂ ਮੋਬਾਈਲ ਫ਼ੋਨ ਤੇ ਗੱਲ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ।

**ਪ੍ਰ2. ਬੱਤੀਆਂ ਵਾਲੇ ਚੌਕ ਵਿੱਚ ਜਾ ਕੇ ਪਾਪਾ ਨੇ ਕੀ ਕਰਨ ਦੀ ਕੋਸ਼ਿਸ਼ ਕੀਤੀ?**
ਉ. ਪਾਪਾ ਨੇ ਭੀੜ ਵਿੱਚੋਂ ਸਕੂਟੀ ਕੱਢਣ ਦੀ ਕੋਸ਼ਿਸ਼ ਕੀਤੀ।

**ਪ੍ਰ3. ਉਸ ਆਦਮੀ ਦੇ ਸਿਰ 'ਤੇ ਕੀ ਨਾ ਪਾਉਣ ਕਰਕੇ ਸੱਟ ਵੱਜੀ?**
ਉ. ਉਸ ਆਦਮੀ ਦੇ ਸਿਰ ਤੇ ਹੈਲਮਟ ਨਾ ਪਾਉਣ ਕਰਕੇ ਸੱਟ ਵੱਜੀ।

## ਸ) ਪ੍ਰਸ਼ਨ - ਉੱਤਰ :

**ਪ੍ਰ.1 ਅਮਨ ਸ਼ਹਿਰ ਕੀ ਕਰਨ ਜਾ ਰਿਹਾ ਸੀ ਤੇ ਉਸ ਦੇ ਪਾਪਾ ਕੀ ਕਰ ਰਹੇ ਸਨ?**
ਉ. ਅਮਨ ਸ਼ਹਿਰ ਨਵੀਆਂ ਕਿਤਾਬਾਂ, ਕਾਪੀਆਂ, ਨਵਾਂ ਬਸਤਾ, ਪੈੱਨ, ਰਬੜ ਆਦਿ ਲੈਣ ਜਾ ਰਿਹਾ ਸੀ। ਉਸ ਦੇ ਪਾਪਾ ਸਕੂਟੀ ਚਲਾਉਂਦੇ ਸਮੇਂ ਮੋਬਾਈਲ ਤੇ ਗੱਲ ਕਰ ਰਹੇ ਸਨ।

**ਪ੍ਰ.2 ਸ਼ਹਿਰ ਵਿੱਚ ਆਟੋ-ਰਿਕਸ਼ਾ ਵਾਲੇ ਆਟੋ ਕਿਵੇਂ ਚਲਾ ਰਹੇ ਸਨ?**
ਉ. ਸ਼ਹਿਰ ਵਿੱਚ ਆਟੋ-ਰਿਕਸ਼ਾ ਵਾਲੇ ਆਟੋ ਬਹੁਤ ਤੇਜ਼ ਚਲਾ ਰਹੇ ਸਨ।

**ਪ੍ਰ.3 ਪਾਪਾ ਨੇ ਅਮਨ ਨੂੰ ਅੰਤ ਵਿੱਚ ਕੀ ਆਖਿਆ ਤੇ ਕਿਵੇਂ ਆਖਿਆ?**
ਉ. ਪਾਪਾ ਨੇ ਆਪਣੇ ਕੰਨ ਫੜ ਕੇ ਅਮਨ ਨੂੰ ਆਖਿਆ ਕਿ ਉਹ ਹੈਲਮਟ ਪਹਿਨੇ ਬਿਨਾਂ ਸਕੂਟੀ ਨਹੀਂ ਚਲਾਉਣਗੇ ਤੇ ਸਕੂਟੀ ਚਲਾਉਂਦੇ ਹੋਏ ਕਦੇ ਵੀ ਮੋਬਾਈਲ ਫ਼ੋਨ ਦੀ ਵਰਤੋਂ ਨਹੀਂ ਕਰਨਗੇ।

## ਪੁਸਤਕ ਅਭਿਆਸ :

**ੳ) ਬਹੁ-ਵਿਕਲਪੀ ਪ੍ਰਸ਼ਨ :** 1) ਚੌਥੀ  2) ਮੋਬਾਈਲ 'ਤੇ ਗੱਲਾਂ ਕਰ ਰਹੇ ਸਨ  3) ਹੈਲਮਟ  4) ਤੇਜ਼-ਤੇਜ਼  5) ਸਿਰ 'ਤੇ

**ਹ) ਖ਼ਾਲੀ ਥਾਵਾਂ ਭਰੋ:** 1) ਚੌਥੀ  2) ਸਕੂਟੀ  3) ਅਣਹੋਣੀ  4) ਗਹਿਰੀ  5) ਮਾਫ਼ੀ

**ਕ) ਕਿਸ ਨੇ ਕਿਸ ਨੂੰ ਕਹੇ :** 1) ਪਾਪਾ ਨੇ - ਅਮਨ ਨੂੰ  2) ਅਮਨ ਨੇ - ਪਾਪਾ ਨੂੰ  3) ਪਾਪਾ ਨੇ - ਅਮਨ ਨੂੰ

## ਸ਼ਬਦਾਂ ਨਾਲ ਖੇਡੋ - ਵਾਕ ਬਣਾਉ : ਆਪਣੇ-ਆਪ ਕਰੋ।

## ਵਿਆਕਰਨ:

**ੳ) ਇੱਕ-ਵਚਨ ਜਾਂ ਬਹੁ-ਵਚਨ ਲਿਖੋ :** 1) ਬਹੁ-ਵਚਨ  2) ਇੱਕ-ਵਚਨ  3) ਬਹੁ-ਵਚਨ  4) ਇੱਕ-ਵਚਨ  5) ਬਹੁ-ਵਚਨ

ਅ) ਵਚਨ ਬਦਲੀ ਕਰੋ:

1) ਮੁੰਡੇ ਨੇ ਕਿਤਾਬਾਂ ਖਰੀਦੀਆਂ।
2) ਪਾਪਾ ਨੇ ਫ਼ੋਨ ਤੇ ਖ਼ੂਬ ਗੱਲਾਂ ਕੀਤੀਆਂ।
3) ਮੱਝਾਂ ਨੇ ਦੁੱਧ ਦਿੱਤਾ।
4) ਕਿੰਨੇ ਸੋਹਣੇ ਘਰ ਹਨ।
5) ਸੜਕ ਤੇ ਕਾਰਾਂ ਚੱਲ ਰਹੀਆਂ ਹਨ।

## ਅਰਜ਼ੀ / ਪੱਤਰ

### ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਸਕੂਲ ਬੱਸ ਬਦਲਣ ਲਈ ਬਿਨੈ-ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਮਦਰ ਟੀਚਰ ਸਕੂਲ,
ਬਰਨਾਲਾ।

ਸ਼੍ਰੀ ਮਾਨ ਜੀ,

ਬੇਨਤੀ ਹੈ ਕਿ ਮੈਂ ਆਪ ਜੀ ਦੇ ਸਕੂਲ ਵਿੱਚ ਚੌਥੀ ਜਮਾਤ ਦਾ ਵਿਦਿਆਰਥੀ ਹਾਂ / ਦੀ ਵਿਦਿਆਰਥਣ ਹਾਂ। ਮੈਂ ਬਰਨਾਲੇ ਗੋਬਿੰਦ ਕਲੋਨੀ ਵਿੱਚ ਰਹਿੰਦਾ / ਰਹਿੰਦੀ ਹਾਂ। ਮੈਂ ਆਪਣੀ ਸਕੂਲ ਬੱਸ ਬਦਲਣਾ ਚਾਹੁੰਦਾ / ਚਾਹੁੰਦੀ ਹਾਂ। ਜਿਸ ਬੱਸ ਉੱਪਰ ਮੈਂ ਹੁਣ ਘਰ ਜਾਂਦਾ / ਜਾਂਦੀ ਹਾਂ ਉਸ ਦਾ ਰੂਟ ਬਹੁਤ ਵੱਡਾ ਹੈ। ਮੈਨੂੰ ਘਰ ਜਾਣ ਲਈ ਇੱਕ ਘੰਟਾ ਲੱਗ ਜਾਂਦਾ ਹੈ। ਇਸ ਨਾਲ ਮੇਰੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ। ਸਕੂਲ ਦੀ ਇੱਕ ਦੂਸਰੀ ਬੱਸ ਵੀ ਗੋਬਿੰਦ ਕਲੋਨੀ ਵਿੱਚ ਜਾਂਦੀ ਹੈ। ਉਸ ਤੇ ਮੈਨੂੰ ਸਿਰਫ਼ 15 ਮਿੰਟ ਲੱਗਣਗੇ। ਕਿਰਪਾ ਕਰਕੇ ਮੇਰੀ ਬੱਸ ਬਦਲ ਦਿੱਤੀ ਜਾਵੇ।

ਮੈਂ ਆਪ ਜੀ ਦਾ / ਦੀ ਅਤਿ ਧੰਨਵਾਦੀ ਹੋਵਾਂਗਾ / ਹੋਵਾਂਗੀ।

ਆਪ ਜੀ ਦਾ / ਦੀ ਆਗਿਆਕਾਰੀ,
ਨਾਮ – ____________________,
ਰੋਲ ਨੰਬਰ : _______________,
ਜਮਾਤ : ਚੌਥੀ।

ਮਿਤੀ : ______________________________________

### ਆਪਣੇ ਮਿੱਤਰ / ਸਹੇਲੀ ਨੂੰ ਆਪਣੇ ਜਨਮ ਦਿਨ ਤੇ ਬੁਲਾਉਣ ਲਈ ਸੱਦਾ ਪੱਤਰ ਲਿਖੋ।

ਪ੍ਰੀਖਿਆ ਭਵਨ,
ਬਰਨਾਲਾ।
ਮਿਤੀ : ______________

ਪਿਆਰੇ __________ / ਪਿਆਰੀ ______________,

ਸਤਿ ਸ਼੍ਰੀ ਅਕਾਲ।

ਤੁਸੀਂ ਜਾਣਦੇ ਹੀ ਹੋ ਕਿ ਮੇਰਾ ਜਨਮ ਦਿਨ 22 ਮਈ ਨੂੰ ਹੁੰਦਾ ਹੈ। ਪਿਤਾ ਜੀ ਨੇ ਇਸ ਮੌਕੇ ਰਾਤ ਦੇ ਖਾਣੇ ਦਾ ਪ੍ਰਬੰਧ ਕੀਤਾ ਹੈ। ਸੰਗੀਤ ਅਤੇ ਨਾਚ ਵੀ ਹੋਵੇਗਾ। ਇਹੋ ਜਿਹੇ ਖ਼ੁਸ਼ੀ ਦੇ ਸਮੇਂ ਮਿੱਤਰਾਂ / ਸਹੇਲੀਆਂ ਨਾਲ ਹੀ ਚੰਗੇ ਲੱਗਦੇ ਹਨ। ਤੁਹਾਨੂੰ ਵੀ ਇਸ ਖ਼ੁਸ਼ੀ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਮੈਂ ਤੁਹਾਡੀ ਉਡੀਕ ਕਰਾਂਗਾ / ਕਰਾਂਗੀ।

ਮੇਰੇ ਵੱਲੋਂ ਤੁਹਾਡੇ ਮਾਤਾ ਜੀ ਅਤੇ ਪਿਤਾ ਜੀ ਨੂੰ ਸਤਿ ਸ਼੍ਰੀ ਅਕਾਲ।

ਤੇਰਾ ਪਿਆਰਾ ਮਿੱਤਰ / ਤੇਰੀ ਪਿਆਰੀ ਸਹੇਲੀ,
_________________________।

## ਕਹਾਣੀ – ਇਮਾਨਦਾਰ ਲੱਕੜਹਾਰਾ

ਇੱਕ ਲੱਕੜਹਾਰ ਰੋਜ਼ ਜੰਗਲ ਵਿੱਚੋਂ ਲੱਕੜਾ ਕੱਟ ਕੇ ਸ਼ਹਿਰ ਵਿੱਚ ਵੇਚ ਕੇ ਆਪਣੇ ਘਰ ਦਾ ਗੁਜ਼ਾਰਾ ਕਰਦਾ ਸੀ। ਇੱਕ ਦਿਨ ਉਸ ਦੀ ਕੁਹਾੜੀ ਨਦੀ ਵਿੱਚ ਡਿੱਗ ਪਈ। ਉਹ ਉੱਚੀ-ਉੱਚੀ ਰੋਣ ਲੱਗ ਪਿਆ। ਉਸਦੇ ਰੋਣ ਦੀ ਅਵਾਜ਼ ਸੁਣ ਕੇ ਨਦੀ ਵਿੱਚੋਂ ਜਲ ਦੇਵਤਾ ਪ੍ਰਗਟ ਹੋਏ। ਲੱਕੜਹਾਰੇ ਨੇ ਉਹਨਾਂ ਨੂੰ ਦੱਸਿਆ ਕਿ ਉਸ ਦੀ ਕੁਹਾੜੀ ਨਦੀ ਵਿੱਚ ਡਿੱਗ ਗਈ ਹੈ। ਜਲ ਦੇਵਤਾ ਪਾਣੀ ਵਿੱਚ ਡੁਬਕੀ ਮਾਰ ਕੇ ਪਹਿਲਾਂ ਸੋਨੇ ਦੀ ਕੁਹਾੜੀ ਤੇ ਫ਼ਿਰ ਚਾਂਦੀ ਦੀ ਕੁਹਾੜੀ ਲੈ ਕੇ ਆਏ। ਲੱਕੜਹਾਰੇ ਨੇ ਦੋਵੇਂ ਕੁਹਾੜੀਆਂ ਲੈਣ ਤੋਂ ਨਾਂਹ ਕਰ ਦਿੱਤੀ। ਫ਼ਿਰ ਜਲ ਦੇਵਤਾ ਤੀਸਰੀ ਵਾਰ ਲੋਹੇ ਦੀ ਕੁਹਾੜੀ ਲੈ ਕੇ ਬਾਹਰ ਆਏ। ਕੁਹਾੜੀ ਨੂੰ ਵੇਖ ਕੇ ਲੱਕੜਹਾਰਾ ਬਹੁਤ ਖ਼ੁਸ਼ ਹੋਇਆ। ਜਲ ਦੇਵਤਾ ਉਸ ਦੀ ਇਮਾਨਦਾਰੀ ਤੋਂ ਬਹੁਤ ਖ਼ੁਸ਼ ਹੋਏ। ਉਹਨਾਂ ਨੇ ਸੋਨੇ ਤੇ ਚਾਂਦੀ ਦੀਆਂ ਕੁਹਾੜੀਆਂ ਵੀ ਲੱਕੜਹਾਰੇ ਨੂੰ ਦੇ ਦਿੱਤੀਆਂ।

**ਸਿੱਖਿਆ : ਇਮਾਨਦਾਰੀ ਸਦਾ ਵੱਧਦੀ-ਫੁੱਲਦੀ ਹੈ।**